# ਬਾਗਬਾਨੀ ਉਤਪਾਦਾਂ ਲਈ ਕੋਲਡ ਸਟੋਰਾਂ ਦੇ ਨਿਰਮਾਣ, ਵਿਸਥਾਰ, ਨਵੀਨੀਕਰਨ ਲਈ ਸਹਾਇਤਾ

ਭਾਰਤ ਸਰਕਾਰ ਦਾ ਰਾਸ਼ਟਰੀ ਬਾਗਬਾਨੀ ਬੋਰਡ (ਐਨ ਐਚ ਬੀ) 'ਕੋਲਡ ਸਟੋਰਾਂ ਅਤੇ ਬਾਗਬਾਨੀ ਉਤਪਾਦਾਂ ਲਈ ਸਟੋਰਾਂ ਦੇ ਨਿਰਮਾਣ/ਵਿਸਥਾਰ/ਨਵੀਨੀਕਰਨ ਲਈ ਪੂੰਜੀਗਤ ਨਿਵੇਸ਼ ਸਬਸਿਡੀ' ਨਾਂ ਦੀ ਸਕੀਮ ਚਲਾ ਰਿਹਾ ਹੈ। ਯੋਜਨਾ ਦੇ ਤਹਿਤ, ਕੋਲਡ ਸਟੋਰਾਂ ਦੇ ਨਵੀਨੀਕਰਨ ਅਤੇ ਨਿਯੰਤਰਿਤ ਵਾਤਾਵਰਨ ਸਮੇਤ ਸਬੰਧਤ ਕ੍ਰੈਡਿਟ-ਲਿੰਕਡ ਪ੍ਰਾਜੈਕਟ ਸਹਾਇਤਾ ਲਈ ਯੋਗ ਹਨ।

ਸਕੀਮ ਅਧੀਨ, 5,000 ਮੀਟ੍ਰਿਕ ਟਨ ਤੋਂ 10,000 ਮੀਟ੍ਰਿਕ ਟਨ ਤੱਕ ਦੀ ਸਮਰੱਥਾ ਵਾਲੇ ਵਾਲੇ ਕੋਲਡ ਸਟੋਰਾਂ ਅਤੇ ਨਿਯੰਤਰਿਤ ਵਾਤਾਵਰਨ ਸਟੋਰਾਂ ਦੇ ਨਿਰਮਾਣ/ਵਿਸਥਾਰ/ਨਵੀਨੀਕਰਨ ਲਈ ਆਮ ਖੇਤਰਾਂ ਵਿੱਚ ਪ੍ਰਾਜੈਕਟ ਦੀ ਪੂੰਜੀ ਲਾਗਤ ਦੇ 35% ਅਤੇ ਉੱਤਰ ਪੂਰਬੀ ਪਹਾੜੀ ਰਾਜਾਂ ਅਤੇ ਅਨੁਸੂਚਿਤ ਇਲਾਕਿਆਂ ਵਿੱਚ 50% ਤੱਕ ਸਬਸਿਡੀ ਪ੍ਰਦਾਨ ਕੀਤੀ ਜਾਂਦੀ ਹੈ। ਉੱਤਰ ਪੂਰਬੀ ਖੇਤਰਾਂ ਦੇ ਮਾਮਲੇ ਵਿੱਚ 1,000 ਮੀਟ੍ਰਿਕ ਟਨ ਤੋਂ ਉੱਪਰ ਦੀ ਸਮਰੱਥਾ ਵਾਲੀਆਂ ਇਕਾਈਆਂ ਵੀ ਇਸ ਸਹਾਇਤਾ ਦੇ ਯੋਗ ਹਨ।

ਵੱਧ ਤੋਂ ਵੱਧ ਮੰਜ਼ੂਰਸ਼ੁਦਾ ਸਬਸਿਡੀ ਅਸਲ ਚਲਾਨ 'ਤੇ ਆਧਾਰਿਤ ਹੈ, ਅਤੇ ਕਿਸੇ ਵੀ ਹਾਲਤ ਵਿੱਚ 7.50 ਕਰੋੜ ਰੁਪਏ ਤੋਂ ਵੱਧ ਨਹੀਂ, ਜਿਹੜਾ ਵੀ ਘੱਟ ਹੋਵੇ।

ਇਹ ਯੋਜਨਾ ਮੰਗ/ਉੱਦਮ 'ਤੇ ਆਧਾਰਿਤ ਹੈ। ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਿਨੈਕਾਰਾਂ ਨੂੰ ਸਿਧਾਂਤਕ ਰੂਪ ਵਿਚ ਪ੍ਰਵਾਨਗੀ (ਆਈ ਪੀ ਏ) ਲਈ ਐਨ ਐਚ ਬੀ ਨੂੰ ਔਨਲਾਈਨ ਅਰਜ਼ੀ ਦੇਣੀ ਹੁੰਦੀ ਹੈ। ਪ੍ਰਵਾਨਗੀ ਹੋਣ ਤੋਂ ਬਾਅਦ ਬਿਨੈਕਾਰਾਂ ਨੂੰ ਬੈਂਕ/ਵਿੱਤੀ ਸੰਸਥਾ ਤੋਂ ਮਿਆਦੀ ਕਰਜ਼ਾ ਮੰਜ਼ੂਰ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ।

ਇਸ ਤੋਂ ਬਾਅਦ ਐਨ ਐਚ ਬੀ ਪ੍ਰਾਜੈੱਕਟ ਨੂੰ ਸ਼ੁਰੂ ਕਰਨ ਲਈ ਗ੍ਰਾਂਟ ਆਫ ਕਲੀਅਰੈਂਸ ਜਾਰੀ ਕਰਦਾ ਹੈ। ਪ੍ਰਮੋਟਰ ਦੀ ਹਿੱਸੇਦਾਰੀ ਅਤੇ ਬੈਂਕ ਦੇ ਮਿਆਦੀ ਕਰਜ਼ੇ ਦਾ ਇਸਤੇਮਾਲ ਕਰਦਿਆਂ ਪ੍ਰਾਜੈੱਕਟ ਦੇ ਮੁਕੰਮਲ ਹੋਣ 'ਤੇ ਸਬਸਿਡੀ ਦਾ ਦਾਅਵਾ ਐਨ ਐਚ ਬੀ ਨੂੰ ਪੇਸ਼ ਕੀਤਾ ਜਾ ਸਕਦਾ ਹੈ।

ਫਿਜ਼ੀਕਲ ਤੌਰ 'ਤੇ ਪ੍ਰਾਜੈੱਕਟ ਦੀ ਸਾਂਝੇ ਮੁਆਇਨੇ ਤੋਂ ਬਾਅਦ ਐਨ ਐਚ ਬੀ ਦੀ ਪ੍ਰਾਜੈੱਕਟ ਪ੍ਰਵਾਨਗੀ ਕਮੇਟੀ ਵਲੋਂ ਦਾਅਵੇ 'ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਐਨ ਐਚ ਬੀ ਦੀ ਸਬਸਿਡੀ ਕਰਜ਼ਾ ਦੇਣ ਵਾਲੇ ਬੈਂਕ/ਵਿੱਤੀ ਸੰਸਥਾ ਦੇ ਸਬਸਿਡੀ ਰਿਜ਼ਰਵ ਫੰਡ ਖਾਤੇ ਵਿਚ ਜਾਰੀ ਕੀਤੀ ਜਾਂਦੀ ਹੈ।

ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ, ਬਿਨੈਕਾਰਾਂ ਨੂੰ ਐਨ ਐਚ ਬੀ ਦੀ ਵੈੱਬਸਾਈਟ http://nhb.gov.in 'ਤੇ ਉਪਲਬਧ ਸਬੰਧਤ ਸਕੀਮ ਦੇ ਸੰਚਾਲਨ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹਨਾ ਅਤੇ ਸਮਝਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੰਗੀ ਗਈ ਵਿੱਤੀ ਸਹਾਇਤਾ ਅਧਿਸੂਚਿਤ ਸਕੀਮ ਦੇ ਅਨੁਸਾਰ ਹੈ ਅਤੇ ਉਹ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

## ਵਿੱਤੀ ਸਹਾਇਤਾ ਲਈ ਯੋਗਤਾ

ਨਿਜੀ ਵਿਅਕਤੀ, ਕਿਸਾਨ ਉਤਪਾਦਕ/ਖਪਤਕਾਰ ਸਮੂਹ, ਕਿਸਾਨ ਉਤਪਾਦਕ ਸੰਸਥਾਵਾਂ, ਭਾਈਵਾਲੀ/ਮਾਲਕੀਅਤ ਫਰਮਾਂ, ਸਵੈ-ਸਹਾਇਤਾ ਸਮੂਹ, ਗੈਰ-ਸਰਕਾਰੀ ਸੰਸਥਾਵਾਂ, ਕੰਪਨੀਆਂ, ਕਾਰਪੋਰੇਸ਼ਨਾਂ, ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨਾਂ, ਖੇਤੀਬਾੜੀ ਉਤਪਾਦ ਮਾਰਕੀਟਿੰਗ ਕਮੇਟੀਆਂ, ਮਾਰਕੀਟਿੰਗ ਬੋਰਡ/ਕਮੇਟੀਆਂ, ਮਿਉਂਸਪਲ ਕਾਰਪੋਰੇਸ਼ਨਾਂ/ਕਮੇਟੀਆਂ, ਖੇਤੀ-ਉਦਯੋਗ ਇਕਾਈਆਂ, ਰਾਜ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਹੋਰ ਸਬੰਧਤ ਖੋਜ ਅਤੇ ਵਿਕਾਸ ਸੰਸਥਾਵਾਂ ਇਸ ਯੋਜਨਾ ਤਹਿਤ ਵਿੱਤੀ ਸਹਾਇਤਾ ਦੇ ਯੋਗ ਹਨ।